*Waheguru Ji Ka Khalsa,*
*Waheguru Ji Ki Fateh*

*Today's Hukamnama* *Monday 28-09-2026*

ਸੋਰਠਿ ਮਹਲਾ ੫ ॥

Sorat'h, Fifth Mehl:

ਗੁਰਿ ਪੂਰੈ ਕਿਰਪਾ ਧਾਰੀ ॥ ਪ੍ਰਭਿ ਪੂਰੀ ਲੋਚ ਹਮਾਰੀ ॥

The Perfect Guru has granted His Grace, and God has fulfilled my desire.

ਪੂਰਨ ਗੁਰਾਂ ਨੇ ਮੇਰੇ ਉਤੇ ਤਰਸ ਕੀਤਾ ਹੈ, ਅਤੇ ਸੁਆਮੀ ਨੇ ਮੇਰੀ ਮਨਸ਼ਾ ਪੂਰਨ ਕਰ ਦਿੱਤੀ ਹੈ।

ਕਰਿ ਇਸਨਾਨੁ ਗ੍ਰਿਹਿ ਆਏ ॥ ਅਨਦ ਮੰਗਲ ਸੁਖ ਪਾਏ ॥੧॥

After taking my bath of purification, I returned to my home,

and I found bliss, happiness and peace. ||1||

ਨਹਾ ਧੋ ਕੇ ਮੈਂ ਘਰ ਆ ਗਿਆ, ਅਤੇ ਮੈਨੂੰ ਖੁਸ਼ੀ, ਪ੍ਰਸੰਨਤਾ ਤੇ ਆਰਾਮ ਪ੍ਰਾਪਤ ਹੋ ਗਏ।

ਸੰਤਹੁ ਰਾਮ ਨਾਮਿ ਨਿਸਤਰੀਐ ॥

O Saints, salvation comes from the Lord's Name.

ਹੇ ਸਾਧੂਓ ਸੁਆਮੀ ਦੇ ਨਾਮ ਰਾਹੀਂ ਪ੍ਰਾਣੀ ਪਾਰ ਉਤਰ ਜਾਂਦਾ ਹੈ।

ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥੧॥ ਰਹਾਉ ॥

While standing up and sitting down, meditate on the Lord's Name.

Night and day, do good deeds. ||1||Pause||

ਖਲੋਤਿਆਂ ਤੇ ਬਹਿੰਦਿਆਂ ਤੂੰ ਸੁਆਮੀ ਵਾਹਿਗੁਰੂ ਦਾ ਸਿਮਰਨ ਕਰ, ਰਾਤ ਦਿਨ ਸ਼ੁਭ ਕਰਮ ਕਮਾ। ਠਹਿਰਾਉ।

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥

The way of the Saints is the ladder of righteous living, found only by great good fortune.

ਸਾਧੂਆਂ ਦਾ ਰਸਤਾ ਪਵਿੱਤਰਤਾਈ ਦੀ ਸੀੜ੍ਹੀ ਹੈ। ਕੋਈ ਟਾਵਾਂ ਟੱਲਾ ਹੀ ਪਰਮ ਚੰਗੇ-ਭਾਗਾਂ ਵਾਲਾ ਹੀ ਇਸ ਤੇ ਚੜ੍ਹ ਸਕਦਾ ਹੈ।

ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥

The sins of millions of incarnations are washed away,

by focusing your consciousness on the Lord's feet. ||2||

ਪ੍ਰਭੂ ਦੇ ਪੈਰਾਂ ਨਾਲ ਬਿਰਤੀ ਜੋੜਨ ਦੁਆਰਾ ਕ੍ਰੋੜਾਂ ਹੀ ਜਨਮਾਂ ਦੇ ਪਾਪ ਧੋਤੇ ਜਾਂਦੇ ਹਨ।

ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥

So sing the Praises of your God forever; His almighty power is perfect.

ਤੂੰ ਸਦੀਵ ਹੀ ਆਪਣੇ ਸੁਆਮੀ ਦਾ ਜੱਸ ਗਾਇਨ ਕਰ ਜੋ ਪੂਰਨ ਸ਼ਕਤੀ ਰੱਖਦਾ ਹੈ।

ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥

All beings and creatures are purified, listening to the True Teachings of the True Guru. ||3||

ਸਤਿਗੁਰਾਂ ਦਾ ਸੱਚਾ ਉਪਦੇਸ਼ ਸ੍ਰਵਣ ਕਰਨ ਦੁਆਰਾ ਸਾਰੇ ਇਨਸਾਨ ਤੇ ਹੋਰ ਜੀਵ ਪਵਿੱਤਰ ਹੋ ਗਏ ਹਨ।

ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥

The True Guru has implanted the Naam, the Name of the Lord, within me;

it is the Eliminator of obstructions, the Destroyer of all pains.

ਸੱਚੇ ਗੁਰਾਂ ਨੇ ਰੁਕਾਵਟ ਦੂਰ ਕਰਨਹਾਰ ਅਤੇ ਸਮੂਹ ਪੀੜ ਹਰਨ ਵਾਲੇ ਨਾਮ ਨੂੰ ਮੇਰੇ ਅੰਦਰ ਪੱਕਾ ਕਰ ਦਿੱਤਾ ਹੈ।

ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥

All of my sins were erased, and I have been purified;

servant Nanak has returned to his home of peace. ||4||3||53||

ਮੇਰੇ ਸਾਰੇ ਗੁਣ ਨਸ਼ਟ ਹੋ ਗਏ ਹਨ, ਮੈਂ ਪਵਿੱਤਰ ਹੋ ਗਿਆ ਹਾਂ ਅਤੇ ਪ੍ਰਸੰਨਤਾ ਦੇ ਧਾਮ ਵਿੱਚ ਪੁੱਜ ਗਿਆ ਹਾਂ,

ਹੇ ਦਾਸ ਨਾਨਕ, ਸੋਰਠਿ ਪੰਜਵੀਂ ਪਾਤਿਸ਼ਾਹੀ।

ਅੰਗ ੬੨੧